# ਬੀ.ਸੀ ਦੇ ਸਕੂਲ ਜਾਣ ਦੀ ਉਮਰ ਦੇ ਬੱਚਿਆਂ ਲਈ ਟੀਕਾਕਰਣ ਕਾਰਜਕ੍ਰਮ

| ਵੈਕਸੀਨ | ਗਰੇਡ 6 | ਗਰੇਡ 9 |
|---|---|---|
| ਚਿਕਨਪੌਕਸ (ਵੈਰੀਸੈਲਾ) ਵੈਕਸੀਨ (#44b)[1] | ✓ | |
| ਹੈਪੇਟਾਈਟਸ ਬੀ ਵੈਕਸੀਨ (#25a)[2] | ✓ | |
| ਹਿਯੂਮਨ ਪੈਪੀਲੋਮਾਵਾਇਰਸ (ਐਚ ਪੀ ਵੀ) ਵੈਕਸੀਨਾਂ (#101b)[3] | ✓ | |
| ਮੇਨਿੰਨਜੋਕੋਕਲ ਕੁਆਡ੍ਰੀਵੇਲੈਂਟ ਵੈਕਸੀਨਾਂ (#23b) | | ✓ |
| ਟੈਟਨਸ,ਡਿਪਥੀਰੀਆ ਅਤੇ ਪਰਟੂਸਿਸ (ਟੀਡੈਪ) ਵੈਕਸੀਨ (#18c) | | ✓ |

**ਨੋਟ:** ਵੈਕਸੀਨ ਦਾ ਕਾਰਜਕ੍ਰਮ ਬਦਲ ਸਕਦਾ ਹੈ।ਜੇ ਤੁਹਾਡੇ ਸਵਾਲ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜਾਂ **8-1-1** ਤੇ ਫੋਨ ਕਰੋ। ਇਸ ਟੀਕਾਕਰਣ ਟੇਬਲ ਦਾ ਵਿਕਾਸ ਅਤੇ ਸਮੀਖਿਆ ਹੈਲਥਲਿੰਕਬੀਸੀ, ਬੀ.ਸੀ. ਮਨਿਸਟਰੀ ਆਫ ਹੈਲਥ ਅਤੇ ਬੀ ਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਦੁਆਰਾ ਕੀਤੀ ਗਈ ਹੈ।

[1] ਚਿਕਨਪੌਕਸ ਵੈਕਸੀਨ ਗਰੇਡ 6 ਵਿਚਲੇ ਅਜਿਹੇ ਵਿਦਿਅਰਥੀਆਂ ਨੂੰ ਪੇਸ਼ ਕੀਤੀ ਜਾਂਦੀ ਹੈ ਜਿੰਨ੍ਹਾਂ ਨੂੰ ਛੋਟੇ ਹੁੰਦੇ ਹੋਏ 2 ਖੁਰਾਕਾਂ ਨਹੀਂ ਮਿਲੀਆਂ ਸਨ। ਅਜਿਹੇ ਲੋਕਾਂ ਲਈ ਵੈਕਸੀਨ ਪ੍ਰਾਪਤ ਕਰਨਾ ਜ਼ਰੂਰੀ ਨਹੀਂ ਹੈ ਜਿੰਨ੍ਹਾਂ ਨੂੰ 1 ਸਾਲ ਜਾਂ ਉਸ ਤੋਂ ਵੱਧ ਉਮਰ ਤੇ, ਪ੍ਰਯੋਗਸ਼ਾਲਾ ਜਾਂਚ ਦੁਆਰਾ ਪੁਸ਼ਟੀ ਕੀਤੀ ਗਈ ਚਿਕਨਪੌਕਸ ਜਾਂ ਸ਼ਿੰਗਲਜ਼ ਬਿਮਾਰੀ ਹੋਈ ਸੀ।

[2] ਉਹ ਬੱਚੇ ਜਿੰਨ੍ਹਾਂ ਦਾ ਪਹਿਲਾਂ ਟੀਕਾਕਰਣ ਨਹੀਂ ਹੋਇਆ ਸੀ ਜਾਂ ਜਿੰਨ੍ਹਾਂ ਨੇ ਉਨ੍ਹਾਂ ਦੀ ਹੈਪਾਟਾਇਟਸ ਬੀ ਵੈਕਸੀਨ ਦੀ ਬਚਪਨ ਦੀ ਲੜੀ ਪੂਰੀ ਨਹੀਂ ਕੀਤੀ ਸੀ ਨੂੰ ਗਰੇਡ 6 ਵਿੱਚ ਹੈਪਾਟਾਇਟਸ ਬੀ ਵੈਕਸੀਨ ਮੁਫਤ ਪੇਸ਼ ਕੀਤੀ ਜਾਏਗੀ।

[3] ਐਚਪੀਵੀ (HPV) ਵੈਕਸੀਨ ਗਰੇਡ 6 ਵਿੱਚ ਮੁੰਡਿਆਂ ਅਤੇ ਕੁੜੀਆਂ ਨੂੰ 6 ਮਹੀਨਿਆਂ ਦੇ ਫਾਸਲੇ ਤੇ ਦਿੱਤੀ ਜਾਣ ਵਾਲੀਆਂ 2 ਖੁਰਾਕਾਂ ਦੀ ਲੜੀ ਦੀ ਤਰ੍ਹਾਂ ਮੁਫਤ ਮੁਹੱਈਆ ਕੀਤੀ ਜਾਂਦੀ ਹੈ।